# ਰਾਜ ਸਿਖਲਾਈ ਮਾਨਕ ਅਤੇ ਜਾਂਚਾਂ

## "ਸਿਖਲਾਈ ਮਾਨਕ" ਕੀ ਹੁੰਦੇ ਹਨ?

ਵਾਸ਼ਿੰਗਟਨ ਰਾਜ ਕ-12 (K-12) ਸਿਖਲਾਈ ਮਾਨਕ ਇਹ ਪਰਿਭਾਸ਼ਾ ਦਿੰਦੇ ਹਨ ਕਿ ਸਾਰੇ ਵਿਦਿਆਰਥੀਆਂ ਨੂੰ ਕੀ ਪਤਾ ਹੋਣਾ ਚਾਹੀਦਾ ਹੈ ਅਤੇ ਹਰ ਗ੍ਰੇਡ ਪੱਧਰ ਤੇ ਕੀ ਕਰਨ ਦੇ ਯੋਗ ਹੋਣਾ ਚਾਹੀਦਾ ਹੈ।

## ਸਾਨੂੰ ਉਨ੍ਹਾਂ ਦੀ ਲੋੜ ਕਿਉਂ ਹੁੰਦੀ ਹੈ?

ਸਖਤ ਸਿਖਲਾਈ ਮਾਨਕਾਂ ਵਿੱਚ ਵਿਦਿਆਰਥੀਆਂ ਨੂੰ ਇਸ ਨੂੰ ਯਾਦ ਕਰਨ ਦੀ ਬਜਾਏ-ਤੱਤ ਬਾਰੇ ਗੰਭੀਰ ਅਤੇ ਰਚਨਾਤਮਕ ਤੌਰ ਤੇ ਸੋਚਣ ਦੀ ਲੋੜ ਹੁੰਦੀ ਹੈ-ਇਸ ਲਈ ਉਹ ਕਰਿਅਰ, ਕਾਲਜ, ਅਤੇ ਹਾਈ ਸਕੂਲ ਤੋਂ ਬਾਅਦ ਦੇ ਜੀਵਨ ਲਈ ਤਿਆਰ ਹੋ ਜਾਣ।

## ਕਿਹੜੇ ਤੱਤ ਦੇ ਖੇਤਰਾਂ ਵਿੱਚ ਸਿਖਲਾਈ ਮਾਨਕ ਹਨ?

- ਅੰਗਰੇਜ਼ੀ ਭਾਸ਼ਾ ਕਲਾ
- ਗਣਿਤ
- ਵਿਗਿਆਨ
- ਸਮਾਜਕ ਸਿੱਖਿਆ
- ਕਲਾ
- ਸਿੱਖਿਆ ਸਬੰਧੀ ਤਕਨੀਕ
- ਸਿਹਤ ਅਤੇ ਤੰਦਰੁਸਤੀ
- ਏਕੀਕ੍ਰਿਤ ਵਾਤਾਵਰਣ ਅਤੇ ਸਥਿਰਤਾ
- ਵਿਸ਼ਵ ਦੀਆਂ ਭਾਸ਼ਾਵਾਂ
- ਅੰਗਰੇਜ਼ੀ ਭਾਸ਼ਾ ਦੀ ਮੁਹਾਰਤ

## ਉਨ੍ਹਾਂ ਨੂੰ ਕਿਵੇਂ ਵਿਕਸਤ ਕੀਤਾ ਜਾਂਦਾ ਹੈ?

ਸਿਖਲਾਈ ਦੇ ਮਾਨਕਾਂ ਨੂੰ ਸਿੱਖਿਅਕਾਂ, ਮਾਪਿਆਂ, ਅਤੇ ਸਮਾਜ ਵਲੋਂ ਇਨਪੁਟ ਦੇ ਨਾਲ, ਪੂਰੇ ਰਾਜ ਅਤੇ ਦੇਸ਼ ਭਰ ਵਿੱਚ ਤੱਤ ਮਾਹਰਾਂ ਦੁਆਰਾ ਧਿਆਨ ਨਾਲ ਵਿਕਸਤ ਕੀਤਾ ਜਾਂਦਾ ਹੈ।

## ਸਿਖਲਾਈ ਦੇ ਮਾਨਕਾਂ ਨੂੰ ਕਿੰਨੀ ਵਾਰੀ ਅਪਡੇਟ ਕੀਤਾ ਜਾਂਦਾ ਹੈ?

ਮਾਨਕਾਂ ਨੂੰ ਇਹ ਯਕੀਨੀ ਬਣਾਉਣ ਲਈ ਵਿੱਚ-ਵਿੱਚ ਅਪਡੇਟ ਕੀਤਾ ਜਾਂਦਾ ਹੈ ਕਿ ਉਹ ਕਾਲਜਾਂ ਅਤੇ ਕਾਰਜ-ਬਲ ਦੀਆਂ ਬਦਲ ਰਹੀਆਂ ਉਮੀਦਾਂ ਦੇ ਨਾਲ ਸੇਧ ਵਿੱਚ ਹਨ।

## ਸਾਨੂੰ ਰਾਜ ਜਾਂਚਾਂ ਕਰਨ ਦੀ ਲੋੜ ਕਿਉਂ ਹੁੰਦੀ ਹੈ?

ਵਿਦਿਆਰਥੀਆਂ, ਸਕੂਲਾਂ, ਜ਼ਿਲ੍ਹਿਆਂ, ਅਤੇ ਰਾਜਾਂ ਲਈ ਪ੍ਰਾਪਤੀ ਅੰਕੜੇ ਸਿੱਖਿਅਕਾਂ ਦੀ ਸਿੱਖਿਆ ਪ੍ਰਦਾਨ ਕਰਨ ਵਿੱਚ ਮਦਦ ਕਰਦੇ ਹਨ। ਜਾਂਚ ਸਕੋਰ ਉਨ੍ਹਾਂ ਨੂੰ ਇਹ ਫ਼ੈਸਲਾ ਕਰਨ ਵਿੱਚ ਸਹਾਇਤਾ ਕਰਦੇ ਹਨ ਕਿ ਕਿਹੜੀਆਂ ਵਿੱਦਿਆ ਪ੍ਰਣਾਲੀਆਂ ਅਤੇ ਸਮੱਗਰੀਆਂ ਵਿਦਿਆਰਥੀਆਂ ਦਾ ਸਿਖਲਾਈ ਮਿਆਰਾਂ ਨੂੰ ਸਮਝਣ ਲਈ ਸਭ ਤੋਂ ਵਧੀਆ ਸਮਰਥਨ ਕਰਦੀਆਂ ਹਨ। ਸਕੋਰਾਂ ਦੀ ਵਰਤੋਂ ਸਿਖਲਾਈ ਵਿੱਚ ਸੁਧਾਰ ਕਰਨ ਲਈ ਕੀਤੀ ਜਾਂਦੀ ਹੈ। ਨਤੀਜੇ ਦੱਸਦੇ ਹਨ ਕਿ ਗ੍ਰੇਡ ਪੱਧਰ ਦੀਆਂ ਉਮੀਦਾਂ ਪੂਰੀਆਂ ਕਰਨ ਲਈ ਵਿਦਿਆਰਥੀ ਕਿੱਥੇ ਵਧੀਆ ਕਾਰਗੁਜ਼ਾਰੀ ਕਰ ਰਹੇ ਹਨ ਅਤੇ ਕਿੱਥੇ ਉਨ੍ਹਾਂ ਨੂੰ ਵਾਧੂ ਸਮਰਥਨ ਦੀ ਲੋੜ ਹੈ।

ਉਹ ਇਸ ਬਾਰੇ ਪਰਿਵਾਰਾਂ ਨੂੰ ਵੀ ਬਹੁਮੁੱਲੀ ਜਾਣਕਾਰੀ ਪ੍ਰਦਾਨ ਕਰਦੇ ਹਨ ਕਿ ਉਨ੍ਹਾਂ ਦਾ ਬੱਚਾ ਕਿੰਨਾਂ ਵਧੀਆ ਕੰਮ ਕਰ ਰਿਹਾ ਹੈ ਅਤੇ ਕਿੱਥੇ ਵਾਧੂ ਮਦਦ ਦੀ ਲੋੜ ਪੈ ਸਕਦੀ ਹੈ।

ਰਾਜ-ਵਿਆਪੀ ਜਾਂਚ ਕਰਨਾ ਜ਼ਰੂਰੀ ਹੁੰਦਾ ਹੈ ਕਿਉਂਕਿ ਇਹ ਸਾਰੇ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਉਹ ਵਧੀਆ ਸਿੱਖਿਆ ਪ੍ਰਾਪਤ ਕਰਨ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਸਕੂਲ ਕਿੱਥੇ ਜਾਂਦੇ ਹਨ।

## ਕੀ ਉਨ੍ਹਾਂ ਨੂੰ ਲੋੜ ਹੁੰਦੀ ਹੈ?

ਰਾਜ ਅਤੇ ਸੰਘੀ ਕਨੂੰਨ ਵਿੱਚ ਵਿਦਿਆਰਥੀਆਂ ਦੀ ਹੇਠਾਂ ਵਿੱਚ ਜਾਂਚ ਕੀਤੇ ਜਾਣ ਲਈ ਲੋੜ ਹੁੰਦੀ ਹੈ:

- **ਅੰਗਰੇਜ਼ੀ ਭਾਸ਼ਾ ਕਲਾ ਅਤੇ ਗਣਿਤ:** ਗ੍ਰੇਡ 3 ਤੋਂ 8 ਅਤੇ ਹਾਈ ਸਕੂਲ
- **ਵਿਗਿਆਨ:** ਗ੍ਰੇਡ 5, 8, ਅਤੇ 10

ਇਹ ਦੇਖਣ ਲਈ ਕਿ ਹਾਈ ਸਕੂਲ ਗ੍ਰੈਜੂਏਸ਼ਨ ਲਈ ਕਿਹੜੀਆਂ ਜਾਂਚਾਂ ਦੀ ਲੋੜ ਹੁੰਦੀ ਹੈ, ਕਿਰਪਾ ਕਰਕੇ www.WAtesting.com ਤੇ ਜਾਓ।

**ਸਿੱਖੋ ਜਿਆਦਾ!**

### ਸਿਖਲਾਈ ਮਾਨਕ

bit.ly/StateStandards
ਜਾਂ ਈ-ਮੇਲ ਕਰੋ CoreStandards@k12.wa.us

**ਸਿੱਖੋ ਜਿਆਦਾ!**

### ਰਾਜ ਦੇ ਪੱਧਰ ਦੀ ਜਾਂਚ

www.WAtesting.com
ਜਾਂ ਈ-ਮੇਲ ਕਰੋ StateTesting@k12.wa.us



ਪ੍ਰਕਾਸ਼ਨ ਸੰ. 15-0026

# ਰਾਜ ਸਿਖਲਾਈ ਮਾਨਕ ਅਤੇ ਜਾਂਚਾਂ

**ਵਾਸ਼ਿੰਗਟਨ ਦੇ K-12 ਸਿੱਖਿਆ ਮਿਆਰਾਂ ਅਤੇ ਜਾਂਚਾਂ ਬਾਰੇ ਸਭ ਤੋਂ ਉਚੇਰੇ 10 ਤੱਥ**

**ਕਾਰਨ #1**

## ਸਹੀ ਮਾਨਕ

ਅੰਗਰੇਜ਼ੀ ਭਾਸ਼ਾ ਕਲਾ ਅਤੇ ਗਣਿਤ, ਅਤੇ ਅਨੁਕੂਲਿਤ ਸਮਾਰਟਰ ਬੈਲੇਂਸਡ (Smarter Balanced) ਜਾਂਚਾਂ ਵਿੱਚ ਵਾਸ਼ਿੰਗਟਨ ਦੇ ਰਾਜ ਸਿਖਲਾਈ ਦੇ ਮਾਨਕ, ਵਿਦਿਆਰਥੀਆਂ ਨੂੰ ਕਰਿਅਰ, ਕਾਲਜ, ਅਤੇ ਜ਼ਿੰਦਗੀ ਲਈ ਤਿਆਰ ਕਰਨ ਲਈ ਡਿਜ਼ਾਇਨ ਕੀਤੇ ਜਾਂਦੇ ਹਨ।

**ਕਾਰਨ #2**

## ਅਸਲ-ਦੁਨੀਆ ਦੀਆਂ ਮੁਹਾਰਤਾਂ

ਮਿਆਰ ਅਤੇ ਜਾਂਚਾਂ ਅਸਲ-ਦੁਨੀਆ ਦੀਆਂ ਮੁਹਾਰਤਾਂ ਜਿਵੇਂ ਮੁਸ਼ਕਲਾਂ ਦੇ ਹੱਲ, ਮਹੱਤਵਪੂਰਨ ਸੋਚਣਾ ਅਤੇ ਲਿਖਣਾ ਉੱਤੇ ਕੇਂਦਰਿਤ ਹੁੰਦੀਆਂ ਹਨ। ਵਿਦਿਆਰਥੀਆਂ ਨੂੰ ਇੱਕ ਬਹੁ-ਵਿਕਲਪਿਕ ਟੈਸਟ ਵਿੱਚ ਗੋਲੇ ਭਰਨ ਨਾਲੋਂ ਵਧੇਰੇ ਕਰਨ ਲਈ ਕਿਹਾ ਜਾਂਦਾ ਹੈ। ਹੁਣ ਉਨ੍ਹਾਂ ਕੋਲ ਜਾਂਚ ਕਾਰਜ-ਪ੍ਰਣਾਲੀ ਦੇ ਭਾਗ ਵਜੋਂ ਆਪਣਾ ਕੰਮ ਦਿਖਾਉਣ, ਲਿਖਣ ਅਤੇ ਆਪਣੇ ਜਵਾਬਾਂ ਦਾ ਵੇਰਵਾ ਦੇਣ ਦਾ ਇੱਕ ਮੌਕਾ ਹੈ।

**ਕਾਰਨ #3**

## ਕਲਾਸਰੂਮ ਨਾਲ ਜੁੜੇ ਹੋਏ

ਇਹ ਜਾਂਚ ਵਿਦਿਆਰਥੀਆਂ ਦੁਆਰਾ ਹਰ ਰੋਜ਼ ਕਲਾਸਰੂਮ ਵਿੱਚ ਸਿੱਖੀਆਂ ਅਤੇ ਅਭਿਆਸ ਕੀਤੀਆਂ ਜਾਣ ਵਾਲੀਆਂ ਮੁਹਾਰਤਾਂ ਅਤੇ ਸਮੱਗਰੀਆਂ ਦਾ ਮੇਲ ਕਰਦੀ ਹੈ। ਹਰੇਕ ਗ੍ਰੇਡ ਪੱਧਰ ਦੇ ਸਪੱਸ਼ਟ, ਤਰਜੀਹ ਉੱਤੇ ਆਧਾਰਿਤ ਟੀਚੇ ਹੁੰਦੇ ਹਨ ਜਿਹੜੇ ਦੱਸਦੇ ਹਨ ਕਿ ਸਕੂਲ ਵਰ੍ਹੇ ਦੇ ਅੰਤ ਵਿੱਚ ਵਿਦਿਆਰਥੀਆਂ ਨੂੰ ਕਿਹੜੀ ਜਾਣਕਾਰੀ ਅਤੇ ਸਮਝ ਹੋਣੀ ਚਾਹੀਦੀ ਹੈ।

**ਕਾਰਨ #4**

## ਫ਼ਾਸਲਿਆਂ ਨੂੰ ਪੂਰਨਾ

ਜਾਂਚਾਂ ਪ੍ਰਾਪਤੀ ਵਿੱਚਲੇ ਫ਼ਾਸਲਿਆਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਦੀਆਂ ਹਨ ਅਤੇ ਸਕੂਲ ਜ਼ਿਲ੍ਹਿਆਂ ਅਤੇ ਰਾਜਾਂ ਨੂੰ ਸਭ ਤੋਂ ਵਧੇਰੇ ਲੋੜੀਂਦੇ ਸ੍ਰੋਤਾਂ ਉੱਤੇ ਵਿਵਸਥਿਤ ਕਰਨ ਦੇ ਯੋਗ ਬਣਾਉਂਦੀਆਂ ਹਨ।

**ਕਾਰਨ #5**

## ਜਾਂਚ ਕੇਵਲ ਇੱਕ ਮਾਪ ਹੈ।

ਰਾਜ ਦੇ ਪੱਧਰ ਦੀ ਜਾਂਚ , ਰਿਪੋਰਟ ਕਾਰਡਾਂ, ਅਧਿਆਪਕਾਂ ਦੀ ਫੀਡਬੈਕ ਅਤੇ ਕਲਾਸਰੂਮ ਦੇ ਕੰਮ ਸਮੇਤ, ਕਈ ਸੰਕੇਤਕਾਂ ਵਿੱਚੋਂ ਇੱਕ ਹੈ, ਜਿਸਦੀ ਵਰਤੋਂ ਵਿਦਿਆਰਥੀ ਦੀ ਸਕੂਲ ਵਿੱਚ ਤਰੱਕੀ ਦੀ ਸੰਪੂਰਨ ਤਸਵੀਰ ਬਣਾਉਣ ਲਈ ਕੀਤੀ ਜਾਂਦੀ ਹੈ।

**ਕਾਰਨ #6**

## ਉੱਚ ਸਿੱਖਿਆ ਨਾਲ ਜੋੜਦਾ ਹੈ

ਜ਼ਿਆਦਾਤਰ ਵਾਸ਼ਿੰਗਟਨ ਦੀਆਂ ਯੂਨਿਵਰਸਿਟੀਆਂ, ਕਾਲਜ, ਅਤੇ ਸਮੁਦਾਏ ਕਾਲਜ ਕੋਰਸ-ਪੱਧਰ ਸਥਾਪਨਾ ਲਈ ਉੱਚ ਸਕੂਲ ਦੇ ਵਿਦਿਆਰਥੀਆਂ ਦੀਆਂ ਸਮਾਰਟਰ ਬੈਲੇਂਸਡ ਸਕੋਰਾਂ ਦੀ ਵਰਤੋਂ ਕਰਣਗੇ।

**ਕਾਰਨ #7**

## ਵਿਦਿਅਕ ਸ੍ਰੋਤ

ਸਮਾਰਟਰ ਬੈਲੇਂਸਡ (Smarter Balanced) ਜਾਂਚ ਪ੍ਰਣਾਲੀ ਦੀ ਵਰਤੋਂ ਦੁਆਰਾ, ਸਿੱਖਿਅਕ ਡਿਜਿਟਲ ਲਾਇਬ੍ਰੇਰੀ ਵਿੱਚ ਸਰੋਤਾਂ ਤੇ ਪਹੁੰਚ ਪ੍ਰਾਪਤ ਕਰ ਸਕਦੇ ਹਨ ਅਤੇ ਸਾਲ ਭਰ ਵਿਦਿਆਰਥੀ ਦੇ ਵਿਕਾਸ ਦਾ ਸਮਰਥਨ ਕਰਨ ਅਤੇ ਉਨ੍ਹਾਂ ਨੂੰ ਨਸੀਹਤ ਦੇਣ ਵਿੱਚ ਮਦਦ ਕਰਨ ਲਈ ਆਵਧਿਕ, ਜਾਂ ਅੰਤਰਿਮ, ਮੁਲਾਂਕਣਾਂ ਦੀ ਵਰਤੋਂ ਕਰ ਸਕਦੇ ਹਨ।

**ਕਾਰਨ #8**

## ਸਿੱਖਿਅਕ ਦੀ ਸ਼ਮੂਲਿਅਤ

ਜਾਂਚ ਦੇ ਵਿਸ਼ਿਆਂ ਦਾ ਵਿਕਾਸ ਕਰਨ ਤੋਂ ਲੈ ਕੇ, ਉਪਲਬਧੀ ਦੇ ਪੱਧਰਾਂ ਨੂੰ ਸੈਟ ਕਰਨ, ਡਿਜਿਟਲ ਲਾਇਬ੍ਰੇਰੀ ਦੀਆਂ ਸਮੱਗਰੀਆਂ ਦੀ ਜਾਂਚ ਕਰਨ ਤਕ, ਵਾਸ਼ਿੰਗਟਨ ਦੇ ਸਿੱਖਿਅਕਾਂ ਨੂੰ ਇਸ ਦੇ ਹਰ ਕਦਮ ਵਿੱਚ ਸ਼ਾਮਲ ਕੀਤਾ ਗਿਆ ਹੈ।

**ਕਾਰਨ #9**

## ਤਤਕਾਲ ਸਿੱਟੇ

ਬਸੰਤ 2016 ਵਿੱਚ, ਵਿਦਿਆਰਥੀਆਂ ਦੇ ਆਖ਼ਰੀ ਸਾਲ, ਜਾਂ ਸਾਰ-ਆਧਾਰਿਤ ਜਾਂਚਾਂ ਪੂਰੀਆਂ ਕਰਨ ਦੇ ਦੋ ਤੋਂ ਤਿੰਨ ਹਫ਼ਤਿਆਂ ਦੇ ਅੰਦਰ ਜ਼ਿਲ੍ਹਿਆਂ ਨੂੰ ਵਿਅਕਤੀਗਤ ਜਾਂਚ ਸਕੋਰ ਉਪਲਬਧ ਸਨ। ਜਿਹੜਾ ਕਿ ਅਧਿਆਪਕਾਂ ਨੂੰ ਸਿੱਖਿਆ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਕਰਦਾ ਹੈ।

**ਕਾਰਨ #10**

## ਜ਼ਿਆਦਾ ਸੁਗਮ

ਇਨ੍ਹਾਂ ਜਾਂਚਾਂ ਨੂੰ ਅਪਾਹਜਪੁਣੇ ਅਤੇ ਅੰਗਰੇਜ਼ੀ ਭਾਸ਼ਾ ਦੇ ਸਿੱਖਿਅਕਾਂ ਵਾਲੇ ਵਿਦਿਆਰਥੀਆਂ ਸਮੇਤ, ਸਾਰੇ ਵਿਦਿਆਰਥੀਆਂ ਨੂੰ ਅਨੁਕੂਲਣ ਕਰਨ ਲਈ ਡਿਜ਼ਾਇਨ ਕੀਤਾ ਜਾਂਦਾ ਹੈ।



ਪ੍ਰਕਾਸ਼ਨ ਸੰ. 15-0026